ਪਿਆਰੇ ਮਾਤਾ-ਪਿਤਾ, ਪਰਿਵਾਰ ਅਤੇ ਦੋਸਤੋ,

ਅਸੀਂ ਉਸ ਕਾਲਜ ਵਜੋਂ ਤੁਹਾਡੇ ਤੱਕ ਪਹੁੰਚ ਕਰ ਰਹੇ ਹਾਂ, ਜਿੱਥੇ ਤੁਹਾਡੇ ਪਿਆਰਿਆਂ ਦੀ ਸਫਲਤਾ ਵਿੱਚ ਨਿਵੇਸ਼ ਕੀਤਾ ਜਾਂਦਾ ਹੈ। ਅਸੀਂ ਸਮਝ ਸਕਦੇ ਹਾਂ ਕਿ ਇਸ ਮੁਸ਼ਕਲ ਸਮੇਂ ਦੌਰਾਨ ਤੁਸੀਂ ਆਪਣੇ ਪਿਆਰਿਆਂ ਬਾਰੇ ਚਿੰਤਿਤ ਹੋਵੋਗੇ।

ਅਸੀਂ ਤੁਹਾਨੂੰ ਯਕੀਨ ਦਵਿਾਉਣਾ ਚਾਹੁੰਦੇ ਹਾਂ ਕਿ ਵਿਦਿਆਰਥੀਆਂ ਦੀ ਤੰਦਰੁਸਤੀ ਬੋਅ ਵੈਲੀ ਕਾਲਜ ਦੀ ਪਹਿਲੀ ਤਰਜੀਹ ਹੈ। ਅਸੀਂ ਆਪਣੇ ਸਾਰੇ ਵਿਦਿਆਰਥੀਆਂ ਨੂੰ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹਾਂ।
ਅਜਿਹੇ ਕੁਝ ਉਪਾਅ ਜੋ ਅਸੀਂ ਆਪਣੇ ਵਿਦਿਆਰਥੀਆਂ ਦੀ ਸਹਾਇਤਾ ਲਈ ਚੁੱਕੇ ਹਨ, ਉਹ ਹਨ:

1. ਅਸੀਂ ਜ਼ਿਆਦਾਤਰ ਪ੍ਰੋਗਰਾਮਾਂ ਅਤੇ ਕੋਰਸਾਂ ਨੂੰ ਆੱਨਲਾਈਨ ਕਰ ਦਿੱਤਾ ਹੈ।
2. ਅਸੀਂ ਅਕਸਰ ਪੁੱਛੇ ਜਾਂਦੇ ਪ੍ਰਸ਼ਨਾਂ (ਐਫ ਏ ਕਿਊ) ਵਾਲੇ ਪੰਨੇ ਉੱਤੇ ਕਾਲਜ ਅਤੇ ਸਰਕਾਰੀ ਕੋਵਿਡ -19 ਨੀਤੀਆਂ ਬਾਰੇ ਮਹੱਤਵਪਰਣ ਨਵੀਨਤਮ ਸੰਦੇਸ਼ ਪ੍ਰਦਾਨ ਕਰ ਰਹੇ ਹਾਂ।
3. ਵਿਦਿਆਰਥੀ ਜਿਨ੍ਹਾਂ ਸਹਾਇਤਾ ਸੇਵਾਵਾਂ ਤੱਕ ਆੱਨਲਾਈਨ ਪਹੁੰਚ ਕਰ ਸਕਦੇ ਹਨ, ਉਹ ਹਨ:
   a) ਸਲਾਹ –ਮਸ਼ਵਰਾ
   b) ਰੈਗੂਲੇਟਡ ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ ਤੋਂ ਸਲਾਹ
   c) ਵਿੱਤੀ ਸਹਾਇਤਾ ਅਤੇ ਅਵਾਰਡ ਸਹਾਇਤਾ
   d) ਰੁਜ਼ਗਾਰ ਸੇਵਾਵਾਂ ਅਤੇ ਪਹੁੰਚਯੋਗਤਾ ਸੇਵਾਵਾਂ
   e) ਅਕਾਦਮਿਕ ਸਫਲਤਾ ਕੇਂਦਰ
   f) ਲਾਇਬ੍ਰੇਰੀ ਅਤੇ ਸਾਂਝੇ ਸ੍ਰੋਤ ਤੋਂ ਸਿੱਖਿਆ

ਅਸੀਂ ਆਪਣੇ ਵਿਦਿਆਰਥੀਆਂ ਨੂੰ ਹੇਠ ਲਿਖੀਆਂ ਵੈਬਸਾਈਟਾਂ ਦੁਆਰਾ ਸਰਕਾਰੀ ਫੈਸਲਿਆਂ ਬਾਰੇ ਸਮੇਂ-ਸਮੇਂ 'ਤੇ ਪਤਾ ਕਰਨ ਦੀ ਸਲਾਹ ਦਿੰਦੇ ਹਾਂ।
1. **ਅਲਬਰਟਾ ਦੀ ਸਰਕਾਰ**
2. **ਕੈਨੇਡਾ ਦੀ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ**

ਅਲਬਰਟਾ ਸਹਿਤ ਸੇਵਾਵਾਂ ਨੇ ਪੁਸ਼ਟੀ ਕੀਤੀ ਹੈ ਕਿ ਸਾਰੇ ਅੰਤਰ-ਰਾਸ਼ਟਰੀ ਵਿਦਿਆਰਥੀਆਂ ਨੂੰ ਕੋਵਿਡ-19 ਦੇ ਤਹਿਤ ਡਾਕਟਰੀ ਇਲਾਜ਼ ਪ੍ਰਦਾਨ ਕੀਤਾ ਜਾਵੇਗਾ।

ਕੈਨੇਡਾ ਦੀ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਨੇ ਪੁਸ਼ਟੀ ਕੀਤੀ ਹੈ ਕਿ ਕੋਵਿਡ-19 ਦੇ ਕਾਰਨ ਆੱਨਲਾਈਨ ਕੋਰਸਾਂ ਵਿੱਚ ਤਬਦੀਲੀ, ਵਿਦਿਆਰਥੀਆਂ ਦੇ ਪੋਸਟ ਗ੍ਰੈਜੂਏਟ ਵਰਕ-ਪਰਮਿਟ ਪ੍ਰਾਪਤ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰੇਗੀ।

ਅਸੀਂ ਸਮਝ ਸਕਦੇ ਹਾਂ ਕਿ ਆਪਣੇ ਪਿਆਰਿਆਂ ਤੋਂ ਦੂਰ ਰਹਿਣ ਦਾ ਇਹ ਸਮਾਂ ਮੁਸ਼ਕਲ ਹੈ। ਜੇਕਰ ਤੁਹਾਡੇ ਪਰ੍ਸ਼ਨ ਜਾਂ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਸਾਡੇ ਨਾਲ tvet@bowvalleycollege.ca 'ਤੇ ਸੰਪਰਕ ਕਰੋ।

ਧੰਨਵਾਦ।